# ਡਾਇਰੈਕਟਰ ਜਨਰਲ ਸਕੂਲ ਸਿੱਖਿਆ

# ਪੰਜਾਬ ਆਈ.ਸੀ.ਟੀ ਸਿੱਖਿਆ ਸੋਸਾਇਟੀ (ਪਿਕਟਸ)

**ਐਸ.ਸੀ ਓ ਨੰ.104-106, ਦੂਜੀ ਮੰਜ਼ਿਲ, ਸੈਕਟਰ-34/A, ਚੰਡੀਗੜ੍ਹ**

ਵੱਲ

ਸਾਰੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ (ਸੈ.ਸਿੱ), ਪੰਜਾਬ

ਸਾਰੇ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ (ਐ.ਸਿੱ), ਪੰਜਾਬ

ਪੱਤਰ ਨੰ. 7/166-08/3 ਸਿ.7-TTMS/37254-293

ਮਿਤੀ: 15 ਮਈ, 2010

**ਵਿਸ਼ਾ: ਟੀਚਰ ਟਰਾਂਸਫ਼ਰ ਮੈਨੇਜਮੈਂਟ ਸਿਸਟਮ (TTMS) ਨੂੰ ਵੈਬ ਸਾਈਟ ਤੇ ਚਾਲੂ ਕਰਨ ਬਾਰੇ ਅਤੇ ਬਾਕੀ ਰਹਿਦੇ ਸਕੂਲਾ ਅਤੇ ਟੀਚਰਾਂ ਦਾ ਡਾਟਾ ਮੁਕੰਮਲ ਕਰਵਾਉਣ ਬਾਰੇ।**

1. ਉਪਰੋਕਤ ਵਿਸ਼ੇ ਤੇ ਧਿਆਨ ਦੇਵੋ ਜੀ ।

2. ਇਹ ਸੂਚਿਤ ਕੀਤਾ ਜਾਦਾ ਹੈ ਕਿ ਟੀਚਰ ਟਰਾਂਸਫ਼ਰ ਮੈਨੇਜਮੈਂਟ ਸਿਸਟਮ ਦਾ ਸੋਫਟਵੇਅਰ ਅਤੇ ਡਾਟਾ ਵੈਬ ਸਾਈਟ **ttms-dose.org** ਤੇ ਲੋਡ ਕਰ ਦਿਤਾ ਗਿਆ ਹੈ। ਪਿਛੇ ਜਿਹੇ ਸਕੂਲਾ ਦਾ ਡਾਟਾ ਐਟਰੀਂ ਕਰਨ ਵੇਲੇ ਕੁਝ ਕੁ ਸਕੂਲਾ ਅਤੇ ਅਧਿਆਪਕਾ ਦਾ ਡਾਟਾ ਐਟਰੀਂ ਨਹੀ ਹੋ ਸਕਿਆ ਸੀ। ਇਸ ਨੂੰ ਮੁਕੰਮਲ ਕਰਵਾਉਣ ਲਈ ਜਿੰਮੇਵਾਰੀ ਹੁਣ ਹੇਠ ਲਿਖੇ ਅਨੁਸਾਰ ਨਿਰਧਾਰਤ ਕੀਤੀ ਜਾਦੀ ਹੈ।

   (ੳ) **ਡਾਟਾ ਐਟਰੀਂ ਦੀ ਜੁਮੇਵਾਰੀ:-** ਡਾਟਾ ਐਟਰੀਂ ਦਾ ਕੰਮ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿੱ) ਦੀ ਨਿਗਰਾਨੀ ਹੇਠ ਹੋਵੇਗਾ। ਜਿਸ ਲਈ ਉਹ ਜਿਲ੍ਹਾਂ ਹੈਡਕੁਆਰਟਰ ਸਥਿਤ ਇਕ ਜਾ ਦੋ ਸਕੂਲ ਨਾਮਜਦ ਕਰ ਸਕਦੇ ਹਨ ਅਤੇ ਪੰਜ ਤੋਂ ਛੇ ਕੰਪਿਊਟਰ ਟੀਚਰਾਂ ਦੀ ਡਾਟਾ ਐਟਰੀਂ ਕਰਨ ਲਈ ਡਿਊਟੀ ਲਗਾ ਸਕਦੇ ਹਨ। ਜਿਲ੍ਹੇ ਦਾ ਡਾਟਾ ਬੇਸ ਤਬਦੀਲ ਕਰਨ ਲਈ **ਡੀ.ਐਮ.(ਆਈ.ਸੀ.ਟੀ)** ਤੋ ਆਪਣਾ Password ਪ੍ਰਾਪਤ ਕਰ ਸਕਦੇ ਹਨ।

(ਅ) **ਅਪਰ ਪ੍ਰਾਇਮਰੀ ਸਕੂਲਾਂ ਅਤੇ ਅਪਰ ਪ੍ਰਾਇਮਰੀ ਅਧਿਆਪਕਾ ਦਾ ਡਾਟਾ ਇਕਠਾ ਕਰਨ ਬਾਰੇ:-** ਉਪਰੋਕਤ ਤੋ ਇਲਾਵਾ ਜ਼ਿਲ੍ਹਾ ਸਿੱਖਿਆ ਅਧਿਕਾਰੀਆਂ (ਸੈ.ਸਿੱ) ਦੀ ਇਹ ਵੀ ਜੁਮੇਵਾਰੀ ਹੋਵੇਗੀ ਕਿ ਸਾਰੇ ਅਪਰ ਪ੍ਰਾਇਮਰੀ ਸਕੂਲਾਂ ਅਤੇ ਉਥੇ ਦੇ ਅਧਿਆਪਕਾ ਦੇ ਡਾਟਾ ਦੀ ਐਟਰੀਂ 100% ਹੋ ਗਈ ਹੈ ਅਤੇ ਇਹ ਪੂਰੀ ਤਰਾਂ correct ਹੈ ਜਿਸ ਦੇ ਲਈ ਸਾਰੇ ਸਕੂਲ ਮੁਖੀਆ ਤੋ ਇਕ ਸਰਟੀਫਿਕੇਟ ਵੀ ਲਿਆ ਜਾ ਸਕਦਾ ਹੈ।

(ੲ) **ਪ੍ਰਾਇਮਰੀ ਸਕੂਲਾਂ ਅਤੇ ਪ੍ਰਾਇਮਰੀ ਅਧਿਆਪਕਾ ਦਾ ਡਾਟਾ ਇਕਠਾ ਕਰਨ ਬਾਰੇ:-** ਜ਼ਿਲ੍ਹਾ ਸਿੱਖਿਆ ਅਧਿਕਾਰੀ (ਐ.ਸਿੱ) ਇਹ ਯਕੀਨੀ ਬਣਾਉਣ ਕਿ ਸਾਰੇ ਪ੍ਰਾਇਮਰੀ ਸਕੂਲਾਂ ਅਤੇ ਉਥੇ ਦੇ ਅਧਿਆਪਕਾ ਦੇ ਡਾਟਾ ਦੀ 100% ਐਟਰੀਂ ਹੋ ਗਈ ਹੈ ਅਤੇ ਇਹ ਪੂਰੀ ਤਰਾਂ correct ਹੈ। ਉਨ੍ਹਾ ਦੀ ਇਹ ਜੁਮੇਵਾਰੀ ਹੈ ਕਿ ਰਹਿੰਦੇ ਹੋਏ ਸਾਰੇ ਦੇ ਸਾਰੇ ਪ੍ਰਾਇਮਰੀ ਅਤੇ ਪ੍ਰਾਇਮਰੀ ਅਧਿਆਪਕਾ ਦਾ ਡਾਟਾ ਜ਼ਿਲ੍ਹਾ ਸਿੱਖਿਆ ਅਧਿਕਾਰੀ (ਸੈ.ਸਿੱ) ਨੂੰ ਡਾਟਾ ਐਟਰੀ ਲਈ ਹਵਾਲੇ ਕਰਨ। ਕੋਈ ਵੀ ਕਮੀ ਪੇਸ਼ੀ ਲਈ ਉਹ ਜਿੰਮੇਵਾਰ ਹੋਣਗੇ।ਇਸ ਦੇ ਲਈ ਪ੍ਰਾਇਮਰੀ ਸਕੂਲਾਂ ਮੁਖੀਆ ਤੋ ਸਰਟੀਫਿਕੇਟ ਲਿਆ ਜਾ ਸਕਦਾ ਹੈ।

(ਸ) **ਸਕੂਲਾਂ ਅਤੇ ਅਧਿਆਪਕਾ ਦਾ ਡਾਟਾ ਚੈਕ ਕਰਨ ਬਾਰੇ:-** ਅਪਰ ਪ੍ਰਾਇਮਰੀ ਸਕੂਲਾ ਅਤੇ ਉਥੇ ਨਿਯੁਕਤ ਅਧਿਆਪਕ ਆਪਣਾ ਡਾਟਾ ਆਪਣੇ ਸਕੂਲਾਂ ਦੀ ਕੰਪਿਉਟਰ ਲੈਬ ਵਿਚ ਦਸੀ ਹੋਈ ਵੈਬ ਸਾਈਟ ਤੇ ਦੇਖ ਸਕਦੇ ਹਨ।ਪ੍ਰਾਇਮਰੀ ਸਕੂਲਾ ਅਤੇ ਉਥੇ ਨਿਯੁਕਤ ਅਧਿਆਪਕ ਆਪਣਾ ਡਾਟਾ ਆਪਣੇ ਨਜਦੀਕੀ ਅਪਰ ਪ੍ਰਾਇਮਰੀ ਸਕੂਲ ਦੀ ਕੰਪਿਉਟਰ ਲੈਬ ਵਿਚ ਜਾਂ **CRC** ਦੇ ਕੰਪਿਉਟਰ ਤੇ ਦੇਖ ਸਕਦੇ ਹਨ।

**ਡਾਇਰੈਕਟਰ ਜਨਰਲ ਸਕੂਲ ਸਿੱਖਿਆ**

**ਪੰਜਾਬ ਆਈ.ਸੀ.ਟੀ ਸਿੱਖਿਆ ਸੋਸਾਇਟੀ**

**ਚੰਡੀਗੜ੍ਹ**